# ਸ੍ਵੈ ਨਿਰਦੇਸ਼ਿਤ ਜਾਣਕਾਰੀ ਪੁਸਤਿਕਾ
## (ਪੰਜਾਬੀ) PUNJABI



LEGISLATIVE ASSEMBLY
*of* BRITISH COLUMBIA



# ਬ੍ਰਿਟਿਸ਼ ਕੋਲੰਬੀਆ ਦੀਆਂ ਸੰਸਦੀ ਇਮਾਰਤਾਂ ਵਿੱਚ ਤੁਹਾਨੂੰ ਜੀ ਆਇਆਂ ਨੂੰ

ਹਥਲੀ ਪੁਸਤਿਕਾ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਨਾਲ ਸੰਬੰਧਿਤ ਵੱਖ ਵੱਖ ਇਮਾਰਤਾਂ ਦੇ ਇਤਿਹਾਸਕ ਮਹੱਤਵ ਅਤੇ ਇਹਨਾਂ ਦੀ ਭਵਨ ਨਿਰਮਾਣ ਕਲਾ ਦੇ ਮਹੱਤਵ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਦਿੱਤੀ ਗਈ ਜਾਣਕਾਰੀ ਇਹਨਾਂ ਇਮਾਰਤਾਂ ਦੇ ਤੁਹਾਡੇ ਵੱਲੋਂ ਖੁਦ ਹੀ ਕੀਤੇ ਜਾ ਰਹੇ ਟੂਰ ਦੌਰਾਨ ਮਦਦ ਕਰੇਗੀ।

ਵਿਧਾਨ ਸਭਾ ਅਤੇ ਇਸ ਦੇ ਆਲੇ-ਦੁਆਲ਼ੇ ਦੀਆਂ ਇਮਾਰਤਾਂ ਲੇਕਵੈਂਗਨ ਲੋਕਾਂ ਦੇ ਪਰੰਪਰਾਗਤ ਖਿੱਤੇ ਵਿੱਚ ਸਥਿਤ ਹਨ। ਹੁਣ ਸੌਂਗ੍ਹੀਜ਼ ਅਤੇ ਐਕੁਇਮਾਲਟ ਫ਼ਰਸਟ ਨੇਸ਼ਨਜ਼ ਦੇ ਨਾਂ ਨਾਲ ਜਾਣੇ ਜਾਂਦੇ 'ਕੋਸਟ ਸੈਲਿਸ਼' ਦੇ ਇਨ੍ਹਾਂ ਲੋਕਾਂ ਦਾ ਸਭਿਆਚਾਰ ਅਤੇ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ।

ਸਾਨੂੰ ਉਮੀਦ ਹੈ ਕਿ ਤੁਸੀਂ ਆਪਣੀ ਇਸ ਯਾਤਰਾ ਦਾ ਪੂਰਾ ਆਨੰਦ ਲਓਗੇ।




# ਪੰਛੀਆਂ ਦੇ ਪਿੰਜਰੇ

ਪਹਿਲੀਆਂ ਵਿਧਾਨ ਸਭਾ ਇਮਾਰਤਾਂ, ਜਿਨ੍ਹਾਂ ਨੂੰ “ਬਰਡ ਕੇਜਿਜ਼” (ਪੰਛੀਆਂ ਦੇ ਪਿੰਜਰੇ) ਕਿਹਾ ਜਾਂਦਾ ਹੈ, ਦੀ ਉਸਾਰੀ ਦਾ ਕੰਮ 1859 ਵਿੱਚ ਸ਼ੁਰੂ ਹੋਇਆ ਸੀ ਤੇ 1864 ਵਿੱਚ ਇਹ ਕੰਮ ਪੂਰਾ ਹੋਇਆ। ਉਹਨਾਂ ਦਿਨਾਂ ਵਿੱਚ ਪ੍ਰੈਸ ਵੱਲੋਂ ਇਹਨਾਂ ਇਮਾਰਤਾਂ ਨੂੰ ‘ਭਵਨ ਨਿਰਮਾਣ ਕਲਾ ਦੇ ਮਿਸ਼ਰਿਤ ਸਟਾਈਲ ਦੇ, ਚੀਨੀ ਪਗੋਡਾ ਦੇ ਨਵੀਨਤਮ ਫੈਸ਼ਨ ਵਾਲੇ, ਸਵਿਟਜ਼ਰਲੈਂਡ ਦੀਆਂ ਕੁਟੀਰਾਂ ਅਤੇ ਇਟਲੀ ਦੇ ਬੰਗਲਿਆਂ ਦੇ ਸ਼ਾਨਦਾਰ ਪਿੰਜਰੇ’ ਕਿਹਾ ਗਿਆ ਸੀ।

ਸੰਨ 1871 ਵਿੱਚ ਬ੍ਰਿਟਿਸ਼ ਕੋਲੰਬੀਆ ਸੂਬਾ ਬਣ ਜਾਣ ਤੋਂ ਬਾਅਦ ਇਹ ਪੰਛੀਆਂ ਦੇ ਪਿੰਜਰੇ ਰਾਜਧਾਨੀ ਦੀਆਂ ਇਮਾਰਤਾਂ ਵਜੋਂ ਇਸਤੇਮਾਲ ਕੀਤੇ ਜਾਂਦੇ ਰਹੇ। 1890 ਦੇ ਦਹਾਕੇ ਦੇ ਸ਼ੁਰੂਆਤੀ ਦਿਨਾਂ ਵਿੱਚ ਵਧਦੀ ਹੋਈ ਜਨ ਸੰਖਿਆ ਦੀਆਂ ਲੋੜਾਂ ਵਾਸਤੇ ਇਹ ਇਮਾਰਤਾਂ ਕਾਫ਼ੀ ਨਹੀਂ ਸਨ।

ਸੰਨ 1892 ਵਿੱਚ ਨਵੀਆਂ ਵਿਧਾਨ ਸਭਾ ਇਮਾਰਤਾਂ ਦੇ ਡਿਜ਼ਾਈਨ ਦੀ ਚੋਣ ਕਰਨ ਲਈ ਭਵਨ ਨਿਰਮਾਣ ਕਲਾ ਦਾ ਇੱਕ ਮੁਕਾਬਲਾ ਕਰਵਾਇਆ ਗਿਆ। ਪੂਰੇ ਉੱਤਰੀ ਅਮਰੀਕਾ ਵਿੱਚੋਂ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਨੇ ਡ੍ਰਾਇੰਗਾਂ ਦੇ 65 ਸੈੱਟ ਜਮ੍ਹਾ ਕਰਵਾਏ। ਇਹਨਾਂ ਵਿੱਚੋਂ 25 ਸਾਲਾ ਆਰਕੀਟੈਕਟ (ਇਮਾਰਤਸਾਜ਼) ਫ੍ਰਾਂਸਿਸ ਮੌਸਨ ਰੈਟਨਬਰੀ ਦੀਆਂ ਡ੍ਰਾਇੰਗਾਂ ਨੂੰ ਚੁਣ ਲਿਆ ਗਿਆ। ਇਹ ਪ੍ਰੋਜੈਕਟ ਉਸ ਦੀ ਪਹਿਲੀ ਵੱਡੀ ਪ੍ਰਾਪਤੀ ਸੀ ਅਤੇ ਇਸ ਦੇ ਸਫਲਤਾ ਸਹਿਤ ਪੂਰਾ ਹੋਣ ਉਪਰੰਤ ਉਸ ਨੇ ਬ੍ਰਿਟਿਸ਼ ਕੋਲੰਬੀਆਂ ਵਿੱਚ ਕਈ ਹੋਰ ਮਹੱਤਵਪੂਰਨ ਇਮਾਰਤਾਂ ਦੇ ਡਿਜ਼ਾਈਨ ਤਿਆਰ ਕੀਤੇ।




ACCEPTED COMPETITIVE DESIGN FOR PROPOSED NEW GOVERNMENT BUILDINGS AT VICTORIA, B.C.
F. M. RATTENBURY, ARCHITECT, VANCOUVER, B.C.

# ਸੰਸਦੀ ਇਮਾਰਤ ਦਾ ਡਿਜ਼ਾਈਨ

ਨਵੀਆਂ ਸੰਸਦੀ ਇਮਾਰਤਾਂ ਦਾ ਨਿਰਮਾਣ ਕਾਰਜ 1893 ਵਿੱਚ ਸ਼ੁਰੂ ਹੋਇਆ ਅਤੇ 1897 ਦੇ ਅਖੀਰ ਵਿੱਚ ਪੂਰਾ ਕੀਤਾ ਗਿਆ। ਸੰਸਦੀ ਇਮਾਰਤਾਂ ਦਾ ਰਸਮੀ ਉਦਘਾਟਨ 10 ਫ਼ਰਵਰੀ 1898 ਨੂੰ ਕੀਤਾ ਗਿਆ ਸੀ। ਸੰਨ 1913 ਤੋਂ ਲੈ ਕੇ 1920 ਦੇ ਦੌਰਾਨ ਇਹਨਾਂ ਇਮਾਰਤਾਂ ਵਿੱਚ ਕਈ ਹੋਰ ਉਸਾਰੀਆਂ ਕੀਤੀਆਂ ਗਈਆਂ। ਉਸ ਸਮੇਂ ਇਹਨਾਂ ਸਾਰੀਆਂ ਇਮਾਰਤਾਂ ਦੀ ਉਸਾਰੀ ਉੱਪਰ 2 ਮਿਲੀਅਨ ਡਾਲਰ ਤੋਂ ਕੁੱਝ ਵੱਧ ਖ਼ਰਚਾ ਹੋਇਆ ਸੀ।

ਸੰਸਦੀ ਇਮਾਰਤਾਂ ਦੀ ਬਣਤਰ ਨੂੰ ਨਿਰੋਲ ਪੁਰਾਤਨ ਤੇ ਉੱਤਮ, ਪੁਨਰ ਜਾਗਰਣ ਕਾਲ ਅਤੇ ਰੁਮਾਨੀ ਮਹੱਤਵ ਵਾਲੀ ਕਿਹਾ ਜਾਂਦਾ ਹੈ। ਰੈਟਨਬਰੀ ਨੇ ਇਹਨਾਂ ਇਮਾਰਤਾਂ ਨੂੰ ਇਸ ਢੰਗ ਨਾਲ ਡਿਜ਼ਾਈਨ ਕੀਤਾ ਤਾਂ ਕਿ, ਜਿੱਥੇ ਵੀ ਸੰਭਵ ਹੋ ਸਕੇ, ਸੂਬੇ ਦੇ ਕੱਚੇ ਮਾਲ ਨੂੰ ਖ਼ਾਸੀਅਤ ਦਿੱਤੀ ਜਾ ਸਕੇ। ਇਮਾਰਤਾਂ ਦੀਆਂ ਬਾਹਰੀ ਕੰਧਾਂ ਉੱਤੇ ਹੈਡਿੰਗਟਨ ਦੀਪ (ਆਈਲੈਂਡ) ਦੀ ਮਟਮੈਲੀ ਮਿੱਟੀ ਦਾ ਪ੍ਰਯੋਗ ਕੀਤਾ ਗਿਆ, ਨੈਲਸਨ ਦੀਪ ਦਾ ਗ੍ਰੇਨਾਇਟ ਇਹਨਾਂ ਦੀਆਂ ਨੀਂਹਾਂ ਅਤੇ ਸਾਹਮਣੀਆਂ ਪੌੜੀਆਂ ਲਈ ਵਰਤਿਆ ਗਿਆ, ਹੁਣ ਹੁਣ ਔਕਸੀਕ੍ਰਿਤ ਹੋ ਚੁੱਕੇ ਤਾਂਬੇ ਦੇ ਗੁੰਬਦ, ਅੰਦਰੂਨੀ ਕਮਰਿਆਂ ਵਿੱਚ ਲੱਗੇ ਹਾਰਡਵੁਡ ਪੈਨਲ ੀ ਵੰਨਗੀਆਂ ਆਦਿ ਬ੍ਰਿਟਿਸ਼ ਕੋਲੰਬੀਆ ਦੇ ਬੇਸ਼ੁਮਾਰ ਕੁਦਰਤੀ ਸਰੋਤਾਂ ਦੀ ਪ੍ਰਦਰਸ਼ਨੀ ਕਰਦੇ ਹਨ। ਸ਼ੁਰੂ ਵਿੱਚ ਜਰਵਿਸ ਨਾਮ ਦੀ ਛੋਟੀ ਨਦੀ ਵਿੱਚੋਂ ਕੱਢੀ ਸਲੇਟ ਨਾਲ ਛੱਤਾਂ ਦੀਆਂ ਟਾਈਲਾਂ ਲਗਾਈਆਂ ਸਨ, ਪਰ ਬਾਅਦ ਵਿੱਚ ਕੀਤੇ ਗਏ ਪੁਨਰ-ਨਵਿਆਉਣ ਦੇ ਕੰਮ ਦੌਰਾਨ ਇਹਨਾਂ ਟਾਈਲਾਂ ਦੀ ਥਾਂ ਪਿਟਸਬਰਗ ਸਲੇਟ ਦਾ ਇਸਤੇਮਾਲ ਕੀਤਾ ਗਿਆ।

ਪਹਿਲੇ 70 ਸਾਲ ਤੱਕ ਕੋਈ ਸੁਧਾਰ ਨਾ ਹੋਣ ਕਰਕੇ ਸੰਸਦ ਦੀਆਂ ਇਹਨਾਂ ਇਮਾਰਤਾਂ ਵਿੱਚ ਕਾਫ਼ੀ ਨਿਘਾਰ ਆ ਗਿਆ ਸੀ। ਛੱਤਾਂ ਦੇ ਚੋਣ, ਨੀਂਹਾਂ ਵਾਲੀਆਂ ਲੱਕੜਾਂ ਦੇ ਗਲ ਜਾਣ ਅਤੇ ਬਿਜਲੀ ਪ੍ਰਣਾਲੀ ਦੇ ਪੁਰਾਣੇ ਹੋ ਜਾਣ ਕਾਰਨ ਇਹ ਇਮਾਰਤ ਆਪਣੀ ਉਮਰ ਵਿਹਾ ਚੁੱਕੀ ਪ੍ਰਤੀਤ ਹੋਣ ਲੱਗ ਪਈ ਸੀ। ਸੰਨ 1972 ਵਿੱਚ ਅਤੇ ਇਸ ਉੱਪਰ $80 ਮਿਲੀਅਨ ਦਾ ਖ਼ਰਚਾ ਆਇਆ।



# ਹੇਠਲੀ ਗੋਲਾਕਾਰ ਇਮਾਰਤ (ਰੋਟੂੰਡਾ)

ਇਥੇ ਬਣੇ ਕਮਰੇ ਦੇ ਐਨ ਵਿਚਕਾਰ, ਫਰਸ਼ ਉੱਪਰ ਹੱਥੀਂ ਵਿਛਾਈ ਗਈ ਇਟੈਲੀਅਨ ਪੱਚੀਕਾਰੀ ਕੀਤੀ ਗਈ ਹੈ। ਇਸ ਪੱਚੀਕਾਰੀ ਦੇ ਉੱਪਰ ਇੱਕ "ਸਚਵੀਟੀਟੌਸਟਲ" ਹੈ ਜੋ ਕਿ ਸਮੁੰਦਰੀ ਕਿਨਾਰੇ ਤੋਂ ਦੂਰ, ਨਦੀ ਵਿੱਚ ਚਲਾਈ ਜਾਣ ਵਾਲੀ ਛੋਟੀ ਕਿਸ਼ਤੀ ਹੈ। ਇਹ ਕਿਸ਼ਤੀ ਬ੍ਰਿਟਿਸ਼ ਕੋਲੰਬੀਆ ਦੇ 28ਵੇਂ ਲੈਫਟੀਨੈਂਟ ਗਵਰਨਰ, ਮਾਣਯੋਗ ਸਟੀਵਨ ਪੁਆਇੰਟ ਅਤੇ 'ਕਵਾਗੁਲਥ' ਦੇ ਪੁਸ਼ਤੈਨੀ ਮੁਖੀ ਅਤੇ ਉਸਤਾਦ ਸੰਗ-ਤਰਾਸ਼, ਚੀਫ਼ ਟੋਨੀ ਹੰਟ ਵਲੋਂ ਤਰਾਸ਼ੀ ਗਈ ਸੀ। "ਸਚਵੀਟੀਟੌਸਟਲ" ਦਾ ਮਤਲਬ ਹੈ "ਨਦੀ ਪਾਰ ਕਰਨ ਲਈ ਇੱਕ ਸੁਰੱਖਿਅਤ ਥਾਂ" ਅਤੇ ਇਹ ਲੋਕਾਂ ਵਿਚਕਾਰ ਪੁਲ ਦੇ ਸਿਧਾਂਤ ਨੂੰ ਦਰਸਾਉਂਦੀ ਹੈ।

ਉੱਪਰ ਵੱਲ ਨੂੰ ਨਜ਼ਰ ਮਾਰਦਿਆਂ ਗੁੰਬਦ ਦੀ ਉਚਾਈ 30.5 ਮੀਟਰ (100 ਫੁੱਟ) ਤੱਕ ਫੈਲਦੀ ਦਿਸਦੀ ਹੈ। ਰੈਟਨਬਰੀ ਨੇ ਪੁਨਰ ਜਾਗਰਣ ਕਾਲ (ਰੈਨੇਸਾਂ) ਦੇ ਡਿਜ਼ਾਈਨ ਵਾਲੇ ਅੱਠ ਕੋਨੇ ਗੁੰਬਦ ਦੀ ਚੋਣ ਕੀਤੀ ਸੀ ਜਿਹੜਾ ਇਸ ਇਮਾਰਤ ਨੂੰ ਨਵ-ਪੁਰਾਤਨ ਗੁੰਬਦਾਂ ਵਾਲੀਆਂ ਅਮਰੀਕਨ ਰਾਜਾਂ ਅਤੇ ਕੇਂਦਰੀ ਰਾਜਧਾਨੀਆਂ ਦੀਆਂ ਕਈ ਗੋਲਾਕਾਰ ਇਮਾਰਤਾਂ ਨਾਲੋਂ ਨਿਖੇੜਦਾ ਹੈ। ਗੁੰਬਦ ਦੇ ਸਿਰੇ ਉੱਤੇ ਕੈਪਟਨ ਜੌਰਜ ਵੈਨਕੂਵਰ ਦਾ ਦੋ ਮੀਟਰ ਉੱਚਾ ਬੁੱਤ ਲਗਾਇਆ ਗਿਆ ਹੈ। ਇਹ ਬੁੱਤ ਤਾਂਬੇ ਨੂੰ ਕੁੱਟ ਕੇ ਬਣਾਇਆ ਗਿਆ ਹੈ ਅਤੇ ਇਸ ਵਿੱਚ 14 ਕੈਰੇਟ ਸੋਨੇ ਦੀਆਂ ਪਲੇਟਾਂ ਦਾ ਇਸਤੇਮਾਲ ਕੀਤਾ ਗਿਆ ਹੈ।



# ਬ੍ਰਿਟਿਸ਼ ਕੋਲੰਬੀਆ ਕੁਲ-ਚਿੰਨ੍ਹ (ਕੋਟ ਔਫ ਆਰਮਜ਼)





1987 ਵਿੱਚ ਬ੍ਰਿਟਿਸ਼ ਕੋਲੰਬੀਆ ਦਾ ਕੁਲ-ਚਿੰਨ੍ਹ ਅਪਣਾਇਆ ਗਿਆ ਸੀ। ਇਸ ਚਿੰਨ੍ਹ ਵਿੱਚ ਸਾਡੇ ਬਰਤਾਨਵੀ ਸ਼ਾਸਨ ਕਾਲ ਦੇ ਵਿਰਸੇ ਅਤੇ ਸੂਬੇ ਦੀ ਕੁਦਰਤੀ ਸ਼ਾਨ ਦੇ ਤੱਤ ਸ਼ਾਮਿਲ ਹਨ। ਤਾਜ ਪਹਿਨ ਕੇ ਤਾਜ ਉੱਪਰ ਖੜ੍ਹਾ ਸ਼ੇਰ, ਮਾਣਯੋਗ ਮਹਾਰਾਣੀ ਐਲਿਜ਼ਾਬੇਥ ਦੂਸਰੀ ਦੀ ਸ਼ਾਹੀ ਕਲਗੀ ਦਾ ਪ੍ਰਤੀਕ ਹੈ। ਢਾਲ ਉੱਪਰ ਬਣੀਆਂ ਨੀਲੇ ਰੰਗ ਦੀਆਂ ਧਾਰੀਆਂ ਪ੍ਰਸ਼ਾਂਤ ਮਹਾਸਾਗਰ ਦੀਆਂ ਅਤੇ ਚਿੱਟੀਆਂ ਧਾਰੀਆਂ ਬਰਫ਼ ਨਾਲ ਢਕੀਆਂ ਚਟਾਨੀ ਪਹਾੜੀਆਂ ਦੀਆਂ ਪ੍ਰਤੀਕ ਹਨ। ਛਿਪ ਰਿਹਾ ਸੂਰਜ ਦੱਸਦਾ ਹੈ ਕਿ ਬੀ.ਸੀ. ਕੈਨੇਡਾ ਦੇ ਬਿਲਕੁਲ ਪੱਛਮੀ ਸਿਰੇ 'ਤੇ ਸਥਿਤ ਸੂਬਾ ਹੈ। ਖੱਬੇ ਪਾਸੇ ਬਣਿਆ ਜੰਗਲੀ ਬਾਰਾਂਸਿੰਗਾ ਵੈਨਕੂਵਰ ਦੀਪ (ਆਈਲੈਂਡ) ਦੀ ਕਲੋਨੀ ਦਾ ਪ੍ਰਤੀਕ ਹੈ। ਸੱਜੇ ਪਾਸੇ ਬਣੀ ਵੱਡੇ ਸਿੰਗਾਂ ਵਾਲੀ ਪਹਾੜੀ ਭੇਡ ਬ੍ਰਿਟਿਸ਼ ਕੋਲੰਬੀਆ ਦੀ ਪੁਰਾਣੀ ਮੇਨਲੈਂਡ ਕਲੋਨੀ ਦੀ ਪ੍ਰਤੀਕ ਹੈ। ਸਭ ਤੋਂ ਹੇਠਾਂ ਆਦਰਸ਼ ਵਾਕ (ਸਲੋਗਨ) ਲਾਤੀਨੀ ਭਾਸ਼ਾ ਵਿੱਚ ਲਿਖਿਆ ਗਿਆ ਹੈ –'Splendor sine occasu', ਜਿਸ ਦਾ ਅਰਥ ਹੈ: 'ਕਦੇ ਨਾ ਘੱਟ ਹੋਣ ਵਾਲੀ ਸੁੰਦਰਤਾ' ਜਾਂ 'ਬੇਅੰਤ ਸੁੰਦਰਤਾ'। ਸ਼ੇਰ ਦੀ ਗਰਦਨ ਅਤੇ ਇਸ ਕੁਲ-ਚਿੰਨ੍ਹ ਦੇ ਹੇਠਾਂ ਡੌਗਵੁੱਡ ਫੁੱਲਾਂ ਦਾ ਹਾਰ ਬਣਾਇਆ ਗਿਆ ਹੈ। ਇਹ 1956 ਤੋਂ ਬ੍ਰਿਟਿਸ਼ ਕੋਲੰਬੀਆ ਦਾ ਪ੍ਰਾਂਤਕ ਫੁੱਲ ਹੈ।

# ਹਾਲ ਆਫ਼ ਆਨਰ

ਅੱਜ ਹਾਲ ਆਫ਼ ਆਨਰ ਵਿਸ਼ੇਸ਼ ਸਮਾਗਮਾਂ ਅਤੇ ਸਵਾਗਤੀ ਸਮਾਰੋਹਾਂ ਲਈ ਇਸਤੇਮਾਲ ਹੋ ਰਿਹਾ ਹੈ ਪਰੰਤੂ 40 ਸਾਲ ਪਹਿਲਾਂ ਇਸ ਦਾ ਇਸਤੇਮਾਲ ਭੂਮੀ ਅਤੇ ਜੰਗਲਾਤ ਵਿਭਾਗ ਦੇ ਪੁਰਾਣੇ ਦਫ਼ਤਰ ਵਜੋਂ ਕੀਤਾ ਜਾਂਦਾ ਸੀ। ਉਸ ਸਮੇਂ ਇਸ ਥਾਂ ਨੂੰ ਨਿੱਕੇ ਨਿੱਕੇ ਘਣਾਕਾਰ (ਚੌਰਸ) ਕਮਰਿਆਂ ਵਿੱਚ ਵੰਡਿਆ ਗਿਆ ਸੀ ਅਤੇ ਫਰਸ਼ ਉੱਪਰ ਲਾਲ ਰੰਗ ਦੀ ਲਿਨੋਲੀਅਮ ਲਗਾਈ ਹੁੰਦੀ ਸੀ। ਪੁਨਰ-ਨਵਿਆਉਣ ਦੇ ਦੌਰਾਨ ਕਮਰੇ ਦੀ ਛੱਤ ਦਾ ਹੇਠਲਾ ਪਾਸਾ ਸਾਹਮਣੇ ਆਇਆ ਤਾਂ ਸ਼ੁਰੂਆਤੀ ਫ੍ਰਾਂਸੀਸੀ ਪੁਨਰ ਜਾਗਰਣ ਕਾਲ ਦੀ ਇਸ ਦੀ ਮੂਲ ਬਣਤਰ ਨੂੰ ਬਹਾਲ ਰੱਖਿਆ ਗਿਆ। ਜਦੋਂ ਲਿਨੋਲੀਅਮ ਨੂੰ ਹਟਾਇਆ ਗਿਆ ਤਾਂ ਪੁਨਰ ਨਵਿਆਉਣ ਵਾਲੇ ਕਾਮਿਆਂ ਨੇ ਇਸ ਦੀ ਸਥਾਨਕ ਡਗਲਸ ਫਰ ਵਾਲੀ ਲੱਕੜੀ ਤੋਂ ਬਣੀ ਅਸਲ ਫਰਸ਼ (ਪਾਰਕੇ) ਨੂੰ ਬਾਹਰ ਕੱਢਿਆ ਸੀ।

# ਰੰਗੀਨ ਕੱਚ (ਸ਼ੀਸ਼ੇ)

## ਮਹਾਰਾਣੀ ਐਲਿਜ਼ਾਬੇਥ-ਦੂਜੀ ਦੀ ਗੋਲਡਨ ਜੁਬਲੀ ਖਿੜਕੀ



ਮਹਾਰਾਣੀ ਐਲਿਜ਼ਾਬੇਥ ਦੂਸਰੀ ਨੂੰ ਉਹਨਾਂ ਦੀ ਗੋਲਡਨ ਜੁਬਲੀ ਮੌਕੇ ਸਾਲ 2002 ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਗੋਲਡਨ ਜੁਬਲੀ ਖਿੜਕੀ ਤੋਹਫ਼ੇ ਵਜੋਂ ਦਿੱਤੀ ਸੀ। ਇਸ ਨੂੰ ਵਿਕਟੋਰੀਆ ਦੇ ਦੋ ਕਲਾਕਾਰਾਂ, ਐਡਵਰਡ ਸ਼ੈਫਰ ਅਤੇ ਟੌਮਸ ਮਰਸਰ ਵੱਲੋਂ ਤਿਆਰ ਕੀਤਾ ਗਿਆ ਸੀ। ਇਸ ਦੇ ਸਭ ਤੋਂ ਉਪਰਲੇ ਪਾਸੇ ਤੁਸੀਂ ਮਹਾਰਾਣੀ ਦੇ ਕੈਨੇਡੀਅਨ ਸ਼ਾਹੀ ਝੰਡੇ ਨੂੰ ਦੇਖੋਗੇ। ਇਹ ਮਹਾਰਾਣੀ ਦਾ ਨਿਜੀ ਕੈਨੇਡੀਅਨ ਝੰਡਾ ਹੈ ਅਤੇ ਇਹ ਝੰਡਾ ਉਦੋਂ ਹੀ ਝੁਲਾਇਆ ਜਾਂਦਾ ਹੈ ਜਦੋਂ ਮਾਣਯੋਗ ਮਹਾਰਾਣੀ ਕੈਨੇਡਾ ਵਿੱਚ ਹੁੰਦੇ ਹਨ। ਤੁਸੀਂ ਬੀ.ਸੀ. ਦੇ ਕਈ ਹੋਰ ਪ੍ਰਤੀਕਾਤਮਕ ਚਿੰਨ੍ਹ ਵੀ ਦੇਖ ਸਕਦੇ ਹੋ। ਇਹਨਾਂ ਵਿੱਚ ਪ੍ਰਾਂਤਕ ਪੰਛੀ ਸਟੈਲਰ'ਜ਼ ਜੇ (ਕਾਂ ਵਰਗਾ ਚਮਕਦਾਰ ਖੰਭਾਂ ਵਾਲਾ ਪੰਛੀ) ਸਾਡੀ ਸੂਬਾਈ ਮੱਛੀ – ਪੈਸਿਫ਼ਿਕ ਸੈਮਨ ਅਤੇ ਸਾਡਾ ਪ੍ਰਾਂਤਕ ਰਤਨ, ਜੇਡ (ਹਰੇ ਰੰਗ ਦਾ ਕੀਮਤੀ ਪੱਥਰ), ਜਿਹੜਾ ਕਿ ਹੇਠਲੇ ਪਾਸੇ ਹਰੇ ਰੰਗ ਦੇ ਚਟਾਕਾਂ ਨਾਲ ਦਰਸਾਇਆ ਦਿਖਾਇਆ ਗਿਆ ਹੈ, ਸ਼ਾਮਿਲ ਹੈ।

## ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਖਿੜਕੀ




ਸੰਨ 1897 ਵਿੱਚ ਮਹਾਰਾਣੀ ਵਿਕਟੋਰੀਆ ਦੇ ਸ਼ਾਸਨ ਦੇ 60ਵੇਂ ਸਾਲ ਵਿੱਚ ਉਹਨਾਂ ਦੀ ਡਾਇਮੰਡ ਜੁਬਲੀ ਮਨਾਉਣ ਵਾਸਤੇ ਡਾਇਮੰਡ ਜੁਬਲੀ ਖਿੜਕੀ ਦੀ ਸਥਾਪਨਾ ਹੋਈ ਸੀ।

ਇਸ ਦੇ ਖੱਬੇ ਪਾਸੇ ਮਹਾਰਾਣੀ ਵਿਕਟੋਰੀਆ ਵੱਲੋਂ ਆਪਣੀ ਉਮਰ ਦੇ 18ਵੇਂ ਸਾਲ ਵਿੱਚ ਰਾਜ-ਸਿੰਘਾਸਨ ਤੇ ਬਿਰਾਜਣ ਦੀ ਮਿਤੀ (1837) ਲਿਖੀ ਹੋਈ ਹੈ ਅਤੇ ਸੱਜੇ ਪਾਸੇ ਉਹਨਾਂ ਦੀ ਡਾਇਮੰਡ ਜੁਬਲੀ ਦੀ ਮਿਤੀ (1897) ਲਿਖੀ ਗਈ ਹੈ। ਇਸ ਉੱਪਰ ਅੰਗਰੇਜ਼ੀ ਦੇ ਅੱਖਰ 'ਵੀ' ਅਤੇ 'ਆਰ' ਲਿਖੇ ਗਏ ਹਨ ਜਿਹੜੇ ਲਾਤੀਨੀ ਭਾਸ਼ਾ ਦੇ ਸ਼ਬਦ 'ਵਿਕਟੋਰੀਆ ਰਿਜਾਈਨਾ' ਜਾਂ 'ਮਹਾਰਾਣੀ ਵਿਕਟੋਰੀਆ' ਦੇ ਪ੍ਰਤੀਕ ਹਨ।

ਇਹ ਡਾਇਮੰਡ ਜੁਬਲੀ ਖਿੜਕੀ ਪਹਿਲਾਂ ਦੂਸਰੀ ਮੰਜ਼ਿਲ ਉੱਤੇ ਵਿਧਾਨਕ ਚੈਂਬਰ ਦੇ ਪਿੱਛੇ ਲੱਗੀ ਹੁੰਦੀ ਸੀ। ਸੰਨ 1912 ਵਿੱਚ ਨਵੀਂ ਵਿਧਾਨਕ ਲਾਇਬ੍ਰੇਰੀ ਬਣਾਏ ਜਾਣ ਤੋਂ ਬਾਅਦ ਇਸ ਨੂੰ ਇੱਕ ਤਹਿਖ਼ਾਨੇ ਵਿੱਚ ਸੰਭਾਲ ਕੇ ਰੱਖ ਦਿੱਤਾ ਗਿਆ ਸੀ, ਜਿੱਥੇ ਇਹ ਅਗਲੇ 62 ਵਰ੍ਹੇ ਤੱਕ ਪਈ ਰਹੀ ਅਤੇ 1974 ਵਿੱਚ ਪੁਨਰ ਨਵਿਆਉਣ ਮੌਕੇ ਇਹ ਮਿਲੀ।

ਇਸ ਖਿੜਕੀ ਦੇ ਸਿਖਰਲੇ ਪਾਸੇ ਤੁਸੀਂ ਬ੍ਰਿਟਿਸ਼ ਕੋਲੰਬੀਆ ਦੇ ਅਸਲ ਕੁਲ-ਚਿੰਨ੍ਹ (ਕੋਟ ਔਫ਼ ਆਰਮਜ਼) ਨੂੰ ਦੇਖ ਸਕਦੇ ਹੋ। ਔਰਡਰ-ਇਨ-ਕੌਂਸਲ ਵੱਲੋਂ ਇਸ ਕੁਲ-ਚਿੰਨ੍ਹ ਨੂੰ ਸਰਕਾਰ ਨੇ ਸੰਨ 1895 ਵਿੱਚ ਅਪਣਾਇਆ ਸੀ। ਇਸ ਵਿੱਚ ਵੀ ਬਹੁਤੇ ਉਹੀ ਪ੍ਰਤੀਕ ਸ਼ਾਮਲ ਹਨ ਜਿਹੜੇ ਅੱਜ ਇਸਤੇਮਾਲ ਹੁੰਦੇ ਹਨ, ਭਾਵੇਂ ਕਿ ਬਰਤਾਨਵੀ ਅਧਿਕਾਰੀ ਇਸ ਡਿਜ਼ਾਈਨ ਨੂੰ ਸਵੀਕਾਰ ਨਹੀਂ ਕਰ ਸਕੇ ਸਨ। ਇਹ ਸਮਝਿਆ ਗਿਆ ਕਿ ਬਰਤਾਨਵੀ ਝੰਡੇ ਨੂੰ ਢਾਲ ਉੱਪਰ ਛਿਪ ਰਹੇ ਸੂਰਜ ਦੇ ਪ੍ਰਤੀਕ ਵਰਗੀ ਹਲਕੀ ਸਮਝੀ ਜਾਣ ਵਾਲੀ ਥਾਂ ਤੇ ਲਗਾਉਣਾ ਉਚਿਤ ਨਹੀਂ ਕਿਉਂਕਿ ਇਹ ਉਸ ਸਮੇਂ ਦੇ ਪ੍ਰਸਿੱਧ ਅਖਾਣ ਨਾਲ ਮੇਲ ਨਹੀਂ ਖਾਂਦਾ ਸੀ ਕਿ 'ਬਰਤਾਨਵੀ ਸ਼ਾਸਨ ਵਿੱਚ ਕਦੇ ਸੂਰਜ ਨਹੀਂ ਛਿਪਦਾ'। ਅਸਲ ਚਿੰਨ੍ਹ ਵਿੱਚ ਬਣਾਏ ਗਏ ਫੁੱਲ ਇੰਗਲੈਂਡ ਦੇ ਪ੍ਰਤੀਕ ਸਨ: ਜਾਮਣੀ ਫੁੱਲਾਂ ਵਾਲਾ ਜੰਗਲੀ ਪੌਦਾ ਸਕੌਟਲੈਂਡ ਦਾ, ਹਰੇ ਰੰਗ ਦਾ ਤਿੰਨ ਪੱਤਿਆਂ ਵਾਲਾ ਪੌਦਾ ਆਇਰਲੈਂਡ ਦਾ, ਗੁਲਾਬੀ ਰੰਗ ਦਾ ਟਿਊਡਰ ਗੁਲਾਬ ਇੰਗਲੈਂਡ ਦਾ ਅਤੇ ਪੀਲੇ ਰੰਗ ਵਾਲਾ ਡੈਫੋਡਿਲ ਫੁੱਲ ਵੇਲਜ਼ ਦਾ ਪ੍ਰਤੀਕ ਸੀ।

## ਪੌੜੀਆਂ ਦੀਆਂ ਖਿੜਕੀਆਂ

ਜਿਉਂ ਹੀ ਤੁਸੀਂ ਯਾਦਗਾਰੀ ਗੋਲਾਕਾਰ ਇਮਾਰਤ ਦੀਆਂ ਪੌੜੀਆਂ ਚੜ੍ਹਦੇ ਹੋ ਤਾਂ ਤੁਸੀਂ 17ਵੀਂ ਅਤੇ 18ਵੀਂ ਸਦੀ ਦੇ ਇੰਗਲੈਂਡ ਦੇ ਲੇਖਕਾਂ ਅਤੇ ਚਿੰਤਕਾਂ ਦੀਆਂ ਪ੍ਰਸਿੱਧ ਛੋਟੀਆਂ ਲਿਖਤਾਂ ਰੰਗੀਨ ਕੱਚ ਦੀਆਂ ਖਿੜਕੀਆਂ ਤੇ ਵੇਖੋਗੇ ਜੋ ਕਿ ਚੈਂਬਰ ਵੱਲ ਆਉਣ ਵਾਲੇ ਵਿਧਾਨਕਾਰਾਂ ਅਤੇ ਦੇਖਣ ਆਉਣ ਵਾਲਿਆਂ ਨੂੰ ਪ੍ਰੇਰਣਾ ਦਿੰਦੀਆਂ ਹਨ।



# ਯਾਦਗਾਰੀ ਗੋਲਾਕਾਰ ਇਮਾਰਤ

ਇਸ ਇਮਾਰਤ ਦਾ ਨਾਮ ਯਾਦਗਾਰੀ ਰੋਟੁੰਡਾ ਇਸ ਕਰਕੇ ਪਿਆ ਕਿਉਂਕਿ ਇੱਥੇ ਕਈ ਜੰਗੀ ਯਾਦਗਾਰਾਂ ਹਨ ਜਿਹੜੀਆਂ ਬ੍ਰਿਟਿਸ਼ ਕੋਲੰਬੀਅ ਦੇ ਉਨ੍ਹਾਂ ਲੋਕਾਂ ਨੂੰ ਸਮਰਪਿਤ ਹਨ ਜਿਹਨਾਂ ਨੇ ਕੈਨੇਡਾ ਲਈ ਆਪਣੀ ਜਾਨ ਕੁਰਬਾਨ ਕੀਤੀ ਹੈ। ਯਾਦਗਾਰੀ ਪੁਸਤਕਾਂ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਕਈ ਨੌਕਰਸ਼ਾਹਾਂ ਦੇ ਨਾਮ ਲਿਖੇ ਗਏ ਹਨ ਜਿਨ੍ਹਾਂ ਨੇ ਫੌਜੀਆਂ ਵਜੋਂ ਸੇਵਾ ਨਿਭਾਈ ਅਤੇ ਪਹਿਲੀ ਤੇ ਦੂਸਰੀ ਸੰਸਾਰ ਜੰਗਾਂ ਵਿੱਚ ਜਾਨਾਂ ਵਾਰ ਦਿੱਤੀਆਂ।

ਇਸ ਯਾਦਗਾਰੀ ਇਮਾਰਤ ਦੇ ਠੀਕ ਵਿਚਕਾਰ ਇੱਕ ਖੁੱਲ੍ਹਾ ਘੇਰਾ ਹੈ ਜਿਸ ਦੇ ਦੁਆਲੇ ਟੇਨੈਸੀ ਪੱਥਰ ਲਗਾਇਆ ਗਿਆ ਹੈ। ਕੰਧਾਂ ਵਿੱਚ ਦੋ ਰੰਗ ਦੇ ਟੇਨੈਸੀ ਪੱਥਰ ਦੀਆਂ ਲਾਈਨਾਂ ਬਣਾਈਆਂ ਗਈਆਂ ਹਨ ਅਤੇ ਇਹਨਾਂ ਨੂੰ 23 ਕੈਰੇਟ ਸੋਨੇ ਦੇ ਪੱਤਰਾਂ ਨਾਲ ਜੜਿਆ ਗਿਆ ਹੈ। ਅਜਿਹਾ ਪੁਨਰ-ਨਵਿਆਉਣ ਸਮੇਂ ਕੀਤਾ ਗਿਆ ਸੀ। ਟੇਰੈਜ਼ੋ ਫਰਸ਼ ਇਟਲੀ ਤੋਂ ਮੰਗਵਾਏ ਗਏ ਪੱਥਰ ਅਤੇ ਗ੍ਰੇਨਾਇਟ ਦੇ ਛੋਟੇ ਛੋਟੇ ਟੁਕੜਿਆਂ ਨਾਲ ਬਣਾਈ ਗਈ ਹੈ।

ਇਸ ਯਾਦਗਾਰੀ ਇਮਾਰਤ ਦੇ ਉੱਪਰ ਵੱਲ ਗੁੰਬਦ ਵਿੱਚ ਨਜ਼ਰ ਮਾਰੋਗੇ ਤਾਂ ਚਾਰ ਪੇਂਟਿੰਗਾਂ ਨਜ਼ਰ ਆਉਣਗੀਆਂ। ਇਹ ਚਾਰੇ ਸ਼ੁਰੂਆਤ ਵਿੱਚ ਸੂਬੇ ਦੀਆਂ ਚਾਰ ਮੁੱਖ ਆਰਥਿਕ ਗਤੀਵਿਧੀਆਂ ਨੂੰ ਦਰਸਾਉਂਦੀਆਂ ਹਨ: ਜੰਗਲਾਤ, ਮਛਲੀ ਫੜਨ, ਖੇਤੀਬਾੜੀ ਅਤੇ ਖਾਨ। ਸੰਨ 1935 ਵਿੱਚ ਇਹਨਾਂ ਨੂੰ ਕੈਨਵਸ ਉੱਤੇ ਜੌਰਜ ਐਚ. ਸਾਊਥਵੈੱਲ ਨੇ ਤਿਆਰ ਕੀਤਾ ਸੀ ਅਤੇ 1952 ਵਿੱਚ ਇਹਨਾਂ ਨੂੰ ਇੱਥੇ ਲਗਾਇਆ ਗਿਆ ਸੀ।





# ਰਸਮੀ ਪ੍ਰਵੇਸ਼ ਦੁਆਰ

ਰਸਮੀ ਪ੍ਰਵੇਸ਼ ਦੁਆਰ ਯਾਦਗਾਰੀ ਗੋਲਾਕਾਰ ਇਮਾਰਤ ਅੰਦਰ ਜਾਣ ਦਾ ਰਸਤਾ ਹੈ ਅਤੇ ਸਿੱਧਾ ਚੈਂਬਰ ਵੱਲ ਲੈ ਜਾਂਦਾ ਹੈ। ਇਹ ਰਸਮੀ ਪ੍ਰਵੇਸ਼ ਦੁਆਰ ਇਹਨਾਂ ਸਾਰੀਆਂ ਇਮਾਰਤਾਂ ਦਾ ਸੱਚਮੁੱਚ ਵਿੱਚ ਅਤੇ ਪ੍ਰਤੀਕਾਤਮਕ ਰੂਪ ਵਿੱਚ ਦਿਲ ਹੈ। ਇਸ ਦਾ ਪ੍ਰਯੋਗ ਸਿਰਫ਼ ਬਹੁਤ ਖਾਸ ਮੌਕਿਆਂ ਉੱਪਰ ਹੀ ਕੀਤਾ ਜਾਂਦਾ ਹੈ, ਜਿਹਨਾਂ ਵਿੱਚ ਉਹ ਮੌਕਾ ਵੀ ਸ਼ਾਮਲ ਹੈ ਜਦੋਂ ਫ਼ਰਵਰੀ ਮਹੀਨੇ ਵਿੱਚ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ ਹੋਣ ਸਮੇਂ ਲੈਫਟੀਨੈਂਟ ਗਵਰਨਰ ਇਸੇ ਦੁਆਰ ਵਿੱਚੋਂ ਲੰਘ ਕੇ ਇਸ ਦੀ ਰਸਮੀ ਸ਼ੁਰੂਆਤ ਕਰਦੇ ਹਨ। ਮਾਣਯੋਗ ਮਹਾਰਾਣੀ ਇਸ ਦਰਵਾਜੇ ਵਿਚੋਂ ਆਖਰੀ ਵਾਰ ਮਾਰਚ, 1983 ਵਿੱਚ ਲੰਘੇ ਸਨ।

ਦਸੰਬਰ 2, 1998 ਨੂੰ ਇੱਕ ਨਵੀਂ ਮਿਸਾਲ ਕਾਇਮ ਹੋਈ ਸੀ ਜਦੋਂ ਨਿਸਗਾ'ਜ਼ ਫ਼ਾਇਨਲ ਐਗਰੀਮੈਂਟ ਐਕਟ ਸੰਬੰਧੀ ਬਹਿਸ ਲਈ ਵਿਧਾਨ ਸਭਾ ਨੂੰ ਸੰਬੋਧਿਤ ਕਰਨ ਲਈ ਚੀਫ਼ ਜੋਜ਼ਫ਼ ਗੌਸਨੈਲ ਨੂੰ ਇਸ ਰਸਮੀ ਪ੍ਰਵੇਸ਼ ਦੁਆਰ ਰਾਹੀਂ ਸੰਸਦ ਵਿੱਚ ਵਿਧਾਇਕਾਂ ਲਈ ਸੀਮਾਬੱਧ ਥਾਂ ਰਾਹੀਂ ਅੰਦਰ ਲਿਆਂਦਾ ਗਿਆ ਸੀ। ਉਹਨਾਂ ਤੋਂ ਬਾਅਦ ਅਨੇਕਾ ਫ਼ਰਸਟ ਨੇਸ਼ਨਜ਼ ਚੀਫ਼ ਅਹਿਦਨਾਮਿਆਂ ਸੰਬੰਧੀ ਸਮਝੌਤਿਆਂ ਨੂੰ ਮੁਕੰਮਲ ਕਰਨ ਲਈ ਇਸੇ ਦੁਆਰ ਰਾਹੀਂ ਆਏ ਹਨ।

# ਵਿਧਾਨਕ ਚੈਂਬਰ



ਚੈਂਬਰ, ਜੋ ਕਿ 12x18 ਮੀਟਰ (40x60 ਫੁੱਟ) ਦੇ ਇਲਾਕੇ ਵਿੱਚ ਫੈਲੇ ਖੇਤਰ ਵਿੱਚ ਸਥਾਪਤ ਕੀਤਾ ਗਿਆ ਹੈ, ਅੰਦਰ ਭੂਰੇ ਇਟੈਲੀਅਨ ਪੱਥਰਾਂ ਦੇ ਫਲਕ ਲਗਾਏ ਗਏ ਹਨ ਅਤੇ ਹਰੇ, ਸਫ਼ੈਦ ਅਤੇ ਜਾਮਣੀ ਰੰਗ ਦੇ 22 ਖੰਭਿਆਂ ਨਾਲ ਇਸ ਨੂੰ ਸਜਾਇਆ ਗਿਆ ਹੈ। ਇੱਥੇ ਲੱਗੇ ਵੱਡ ਆਕਾਰੀ ਲੋਹੇ ਦੇ ਘੜੇ ਹੋਏ ਲੈਂਪ 1898 ਵਿੱਚ ਇਸ ਚੈਂਬਰ ਵਿੱਚ ਲੱਗੇ ਲੈਂਪਾਂ ਦੇ ਪ੍ਰਤੀਰੂਪ (ਨਕਲ) ਹੀ ਹਨ।

ਚੈਂਬਰ ਦੇ ਅੰਦਰ, ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ (ਐੱਮ.ਐੱਲ.ਏ.) ਸਰਕਾਰ ਦੇ ਵਿਧਾਇਕਾਂ ਜਾਂ ਵਿਰੋਧੀ ਧਿਰ ਦੇ ਵਿਧਾਇਕਾਂ ਵਜੋਂ ਸੇਵਾ ਨਿਭਾਉਂਦੇ ਹਨ। ਸਰਕਾਰ ਦੇ ਐੱਮ.ਐੱਲ.ਏ. ਉਸ ਸਿਆਸੀ ਪਾਰਟੀ ਦੇ ਮੈਂਬਰ ਹੁੰਦੇ ਹਨ ਜਿਹੜੀ ਪਾਰਟੀ ਆਮ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਜਿੱਤਦੀ ਹੈ। ਦੂਜੇ ਨੰਬਰ ’ਤੇ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ ਸਿਆਸੀ ਪਾਰਟੀ ਰਸਮੀ ਵਿਰੋਧੀ ਧਿਰ ਬਣ ਜਾਂਦੀ ਹੈ। ਹੋਰਨਾਂ ਸਿਆਸੀ ਪਾਰਟੀਆਂ ਨਾਲ ਸੰਬੰਧਤ ਅਤੇ ਆਜ਼ਾਦ ਐੱਮ.ਐੱਲ.ਏ. ਵੀ ਵਿਰੋਧੀ ਧਿਰ ਦਾ ਹਿੱਸਾ ਹੁੰਦੇ ਹਨ। ਸਰਕਾਰ ਦੇ ਕਾਰਜਾਂ ਬਾਰੇ ਸਵਾਲ ਉਠਾਉਣਾ ਅਤੇ ਮੌਜੂਦਾ ਨੀਤੀਆਂ ਦੇ ਬਦਲ ਪੇਸ਼ ਕਰਨਾ ਵਿਰੋਧੀ ਧਿਰ ਦੇ ਵਿਧਾਇਕਾਂ ਦਾ ਕੰਮ ਹੁੰਦਾ ਹੈ।

ਜਦੋਂ ਵਿਧਾਨ ਸਭਾ ਦਾ ਸੈਸ਼ਨ ਚਲ ਰਿਹਾ ਹੁੰਦਾ ਹੈ, ਉਦੋਂ ਐੱਮ.ਐੱਲ.ਏ. ਚੈਂਬਰ – ਜਿਸ ਨੂੰ ਕਿ ਹਾਊਸ ਵੀ ਕਿਹਾ ਜਾਂਦਾ ਹੈ – ਦੇ ਅੰਦਰ ਤਜਵੀਜ਼ ਕੀਤੇ ਨਿਯਮਾਂ (ਜਿਹਨਾਂ ਨੂੰ ਬਿਲ ਕਿਹਾ ਜਾਂਦਾ ਹੈ) ਦਾ ਅਧਿਐਨ, ਉਹਨਾਂ ਬਾਰੇ ਬਹਿਸ ਅਤੇ ਉਹਨਾਂ ਉੱਪਰ ਵੋਟਿੰਗ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਤੋਂ ਇਲਾਵਾ ਸਰਕਾਰ ਦੀਆਂ ਬਜਟ ਸੰਬੰਧੀ ਪੇਸ਼ਕਸ਼ਾਂ (ਜਿਹਨਾਂ ਨੂੰ ਅੰਦਾਜ਼ਾ ਕਿਹਾ ਜਾਂਦਾ ਹੈ) ਦੀ ਘੋਖ ਪੜਤਾਲ ਕਰਦੇ ਹਨ ਅਤੇ ਉਹਨਾਂ ਨੂੰ ਮਨਜ਼ੂਰੀ ਦਿੰਦੇ ਹਨ ਅਤੇ ਸਰਕਾਰ ਦੀਆਂ ਯੋਜਨਾਵਾਂ ਅਤੇ ਕਾਰਜਾਂ ਬਾਰੇ ਸਵਾਲ ਪੁੱਛਦੇ ਹਨ।

ਐੱਮ.ਐੱਲ.ਏ. ਇੱਕ ਹੋਰ ਮਹੱਤਵਪੂਰਨ ਢੰਗ ਨਾਲ ਆਪਣੇ ਇਲਾਕੇ ਦੇ ਲੋਕਾਂ ਨੂੰ ਸੇਵਾ ਪ੍ਰਦਾਨ ਕਰਦੇ ਹਨ। ਉਹ ਆਪਣੇ ਇਲਾਕੇ ਦੇ ਲੋਕਾਂ ਦੇ ਸਥਾਨਕ ਮੁੱਦਿਆਂ ਨੂੰ ਸਦਨ ਵਿੱਚ ਪੇਸ਼ ਕਰਦੇ ਹਨ। ਐੱਮ.ਐੱਲ.ਏ. ਜਨਤਾ ਅਤੇ ਸਰਕਾਰ ਵਿਚਕਾਰ ਇੱਕ ਅਹਿਮ ਕੜੀ ਵਜੋਂ ਕੰਮ ਕਰਦੇ ਹਨ, ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਏਜੰਸੀਆਂ ਤਕ ਪਹੁੰਚ ਕਰਨ ਵਿੱਚ ਆਪੋ-ਆਪਣੇ ਹਲਕੇ ਦੇ ਲੋਕਾਂ ਦੀ ਮਦਦ ਕਰਦੇ ਹਨ।

## ਮੈਂਬਰਾਂ ਦੇ ਡੈਸਕ

ਪੂਰਾ ਚੈਂਬਰ ਜਾਂ ਹਾਊਸ ਦੋਹਾਂ ਦਿਸ਼ਾਵਾਂ ਵਿੱਚ ਡੈਸਕਾਂ ਦੀਆਂ ਕਤਾਰਾਂ ਵਿੱਚ ਵੰਡਿਆ ਗਿਆ ਹੈ। ਰਸਮੀ ਤੌਰ ਤੇ ਸਰਕਾਰੀ ਧਿਰ ਸਪੀਕਰ ਦੇ ਸੱਜੇ ਪਾਸੇ ਬੈਠਦੀ ਹੈ ਅਤੇ ਵਿਰੋਧੀ ਧਿਰ ਸਪੀਕਰ ਦੇ ਖੱਬੇ ਪਾਸੇ ਬੈਠਦੀ ਹੈ। ਸੰਨ 1872 ਵਿੱਚ ਬੀ.ਸੀ. ਦੀ ਪਹਿਲੀ ਵਿਧਾਨ ਸਭਾ ਜਾਂ ਸੰਸਦ ਵਿੱਚ 25 ਐਮ.ਐਲ.ਏ. ਸਨ। ਅੱਜ ਪੂਰੇ ਬੀ.ਸੀ. ਤੋ 87 ਐਮ.ਐਲ.ਏ. ਵਿਧਾਨ ਸਭਾ ਵਿੱਚ ਚੁਣ ਕੇ ਆਉਂਦੇ ਹਨ।

## ਸਪੀਕਰ ਦੀ ਕੁਰਸੀ

ਚੈਂਬਰ ਦੇ ਐਨ ਪਿੱਛੇ ਸਪੀਕਰ ਦੀ ਕੁਰਸੀ ਹੈ। ਸਪੀਕਰ ਇਕ ਐੱਮ.ਐੱਲ.ਏ. ਹੁੰਦਾ ਹੈ ਜਿਸ ਨੂੰ ਬਹਿਸਾਂ ਸੁਣਨ ਦੀ ਕਾਰਵਾਈ ਮੌਕੇ ਪ੍ਰਧਾਨਗੀ ਕਰਨ ਲਈ ਚੁਣਿਆ ਜਾਂਦਾ ਹੈ ਅਤੇ ਉਹ ਸਦਨ ਜਾਂ ਹਾਊਸ ਦੀ ਕਾਰਵਾਈ ਨੂੰ ਚਲਾਉਣ ਸਮੇਂ ਸਦਨ ਵਿੱਚ ਵਿਹਾਰ ਅਤੇ ਕਾਰਵਾਈ ਦੇ ਸਥਾਪਿਤ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਂਦਾ ਹੈ। ਸਪੀਕਰ ਦੀ ਚੋਣ ਵਿੱਚ ਸਾਰੇ ਐੱਮ.ਐੱਲ.ਏ. ਗੁਪਤ ਵੋਟਿੰਗ ਕਰਦੇ ਹਨ। ਇੱਕ ਵਾਰ ਚੁਣੇ ਜਾਣ ਤੋਂ ਬਾਦ ਸਪੀਕਰ ਵਾਸਤੇ ਜਰੂਰੀ ਹੁੰਦਾ ਹੈ ਕਿ ਉਹ ਬਿਨਾਂ ਭੇਦਭਾਵ ਨਾਲ ਕੰਮ ਕਰੇ ਅਤੇ ਉਹ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ ਕਿ ਸਾਰੇ ਵਿਧਾਇਕਾਂ ਨੂੰ ਸਾਫ ਸੁਥਰੇ ਢੰਗ ਨਾਲ ਅਤੇ ਬਿਨਾਂ ਪੱਖਪਾਤ ਤੋਂ ਦੇਖਿਆ ਜਾ ਰਿਹਾ ਹੈ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਕਿਉਂ ਨਾ ਸੰਬੰਧ ਰੱਖਦੇ ਹੋਣ।



## ਕਲਰਕਾਂ ਦੇ ਟੇਬਲ

ਸਪੀਕਰ ਦੀ ਕੁਰਸੀ ਦੇ ਸਾਹਮਣੇ ਕਲਰਕਾਂ ਦਾ ਟੇਬਲ ਹੁੰਦਾ ਹੈ। ਹਾਊਸ ਜਾਂ ਸਦਨ ਦਾ ਕਲਰਕ ਅਤੇ ਉਸ ਦੇ ਸਹਿਯੋਗੀ ਕਲਰਕ ਇੱਥੇ ਬੈਠਦੇ ਹਨ ਅਤੇ ਸੰਸਦੀ ਕਾਰਵਾਈ ਦੌਰਾਨ ਸਪੀਕਰ ਅਤੇ ਵਿਧਾਇਕਾਂ ਨੂੰ ਸਲਾਹ ਦੇਣ ਲਈ ਤਿਆਰ ਰਹਿੰਦੇ ਹਨ।

## ਪਬਲਿਕ ਗੈਲਰੀ

ਇਸ ਸਦਨ ਦੀ ਤੀਜੀ ਮੰਜ਼ਿਲ ਉੱਪਰ ਪਬਲਿਕ ਗੈਲਰੀਆਂ, ਜਿਹਨਾਂ ਤੋਂ ਪੂਰਾ ਚੈਂਬਰ ਦਿਸਦਾ ਹੈ, ਸੈਸ਼ਨ ਦੌਰਾਨ ਜਨਤਾ ਲਈ ਖੁੱਲ੍ਹੀਆਂ ਹੁੰਦੀਆਂ ਹਨ।

## ਪ੍ਰੈਸ ਗੈਲਰੀ

ਸਪੀਕਰ ਦੀ ਕੁਰਸੀ ਦੇ ਐਨ ਉਪਰਲੇ ਪਾਸੇ ਦੀ ਗੈਲਰੀ ਦੀ ਪਹਿਲੀ ਕਤਾਰ ਪ੍ਰੈਸ ਦੇ ਉਨ੍ਹਾਂ ਲੋਕਾਂ ਲਈ ਰਾਖਵੀਂ ਹੁੰਦੀ ਹੈ ਜੋ ਵਿਧਾਨ ਸਭਾ ਦੀ ਕਾਰਵਾਈ ਅਤੇ ਰਾਜ ਸਰਕਾਰ ਨਾਲ ਸੰਬੰਧਿਤ ਖ਼ਬਰਾਂ ਪੇਸ਼ ਕਰਨੀਆਂ ਹੁੰਦੀਆਂ ਹਨ।

## ਸ਼ਾਹੀ ਡੰਡਾ

ਸਦੀਆਂ ਪਹਿਲਾਂ, ਸ਼ਾਹੀ ਮਹਿਲਾਂ ਵਿੱਚ ਉੱਚ ਪਦਵੀ ਤੇ ਬੈਠੇ ਅਧਿਕਾਰੀ ਕੋਲ ਇਕ ਸ਼ਾਹੀ ਡੰਡਾ ਹੁੰਦਾ ਸੀ ਜਿਹੜਾ ਉਸ ਦੀ ਰੱਖਿਆ ਵੀ ਕਰਦਾ ਸੀ ਅਤੇ ਉਸ ਦੀ ਪਦਵੀ ਦਾ ਵੀ ਪ੍ਰਤੀਕ ਹੁੰਦਾ ਸੀ। ਇਸ ਉੱਪਰ ਸ਼ਾਹੀ ਰਾਜ ਚਿੰਨ੍ਹ ਵੀ ਬਣਿਆ ਹੁੰਦਾ ਸੀ ਤਾਂ ਕਿ ਅਨਪੜ੍ਹ ਵੀ ਇਸ ਨੂੰ ਸਮਝ ਸਕਣ। ਆਧੁਨਿਕ ਸਮੇਂ ਵਿੱਚ ਇਹ ਹਥਿਆਰ ਸਿਰਫ਼ ਸਦਨ ਅਤੇ ਸਪੀਕਰ ਦੀ ਸੱਤਾ ਦਾ ਪ੍ਰਤੀਕ ਹੈ ਇਸ ਦਾ ਵਿਧਾਨ ਸਭਾ ਵਿੱਚ ਕੰਮ ਕਾਰ ਚਲਦੇ ਸਮੇਂ ਕਲਰਕਾਂ ਦੇ ਟੇਬਲ ਤੇ ਮੌਜੂਦ ਹੋਣਾ ਲਾਜ਼ਮੀ ਹੈ। ਇਸ ਦਾ ਉੱਥੇ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਹਾਊਸ ਜਾਂ ਸਦਨ ਮਹਾਰਾਣੀ ਦੀ ਪੂਰੀ ਜਾਣਕਾਰੀ ਅਤੇ ਆਗਿਆ ਅਨੁਸਾਰ ਪੂਰੀ ਤਰ੍ਹਾਂ ਚੱਲ ਰਿਹਾ ਹੈ।



LEGISLATIVE ASSEMBLY
*of* BRITISH COLUMBIA

ਇਸ ਦੇ ਨਾਲ ਹੀ ਸੰਸਦੀ ਇਮਾਰਤ ਦਾ ਤੁਹਾਡਾ ਦੌਰਾ
ਪੂਰਾ ਹੋ ਰਿਹਾ ਹੈ। ਅੱਜ ਇੱਥੇ ਪਹੁੰਚਣ ਲਈ ਤੁਹਾਡਾ ਬਹੁਤ ਧੰਨਵਾਦ।

ਸਾਨੂੰ ਉਮੀਦ ਹੈ ਕਿ ਸੰਸਦੀ ਇਮਾਰਤਾਂ ਦੀ ਆਪਣੀ ਫੇਰੀ ਦਾ ਤੁਸੀਂ ਆਨੰਦ
ਲਿਆ ਹੋਵੇਗਾ। ਜੇ ਤੁਸੀਂ ਵਧੇਰੇ ਜਾਣਕਾਰੀ ਹਾਸਲ ਕਰਨੀ ਚਾਹੁੰਦੇ ਹੋ ਤਾਂ
ਕਿਰਪਾ ਕਰਕੇ http:/www.leg.bc.ca ਵੈੱਬਸਾਈਟ ’ਤੇ ਜਾਓ।

LEGISLATIVE ASSEMBLY
*of* BRITISH COLUMBIA




ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ
ਵਿਧਾਨ ਸਭਾ ਸੰਬੰਧੀ ਸਿੱਖਿਆ ਦਾ ਦਫ਼ਤਰ
Parliament Buildings, Victoria, BC V8V 1X4
ਫ਼ੋਨ: 250-387-3046


ਇਮਾਰਤ ਵਿੱਚੋਂ ਬਾਹਰ ਜਾਣ ਸਮੇਂ ਕਿਰਪਾ ਕਰਕੇ ਸੰਸਦੀ ਗਿਫ਼ਟ ਸ਼ੋਪ ਵਿੱਚ ਜਾਓ ਜੀ।

11/2018